# India-U.S. Consular Dialogue (December 13, 2021)

December 14, 2021

.......................................................................................................................................

## ਭਾਰਤ-ਸੰਯੁਕਤ ਰਾਜ ਅਮਰੀਕਾ ਵਿਚਕਾਰ ਕੌਂਸਲਰ ਵਾਰਤਾਲਾਪ (13 ਦਸੰਬਰ, 2021)

14 ਦਸੰਬਰ, 2021

ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਦੇ ਵਫਦਾਂ ਨੇ ਸਾਲਾਨਾ ਦੁਵੱਲੇ ਕੌਂਸੁਲਰ ਵਾਰਤਾਲਾਪ ਲਈ 13 ਦਸੰਬਰ, 2021 ਨੂੰ ਨਵੀਂ ਦਿੱਲੀ ਵਿੱਚ ਮੁਲਾਕਾਤ ਕੀਤੀ । ਸੰਯੁਕਤ ਸਕੱਤਰ (CPV ) ਸ਼੍ਰੀ ਦੇਵੇਸ਼ ਉੱਤਮ ਦੀ ਅਗਵਾਈ ਵਿੱਚ ਭਾਰਤੀ ਵਫ਼ਦ ਨੇ ਅਮਰੀਕੀ ਵਫ਼ਦ ਦੇ ਆਪਣੇ ਹਮਰੁਤਬਾ ਨਾਲ ਮੁਲਾਕਾਤ ਕੀਤੀ, ਜਿਸ ਦੀ ਅਗਵਾਈ ਅਸਿਸਟੈਂਟ ਸੈਕਟਰੀ ਆਫ਼ ਸਟੇਟ ਫਾਰ ਕੌਂਸਲਰ ਅਫੇਅਰਜ਼ ਸ਼੍ਰੀਮਤੀ ਰੇਨਾ ਬਿਟਰ ਨੇ ਕੀਤੀ। ਇਸ ਗੱਲਬਾਤ ਨਾਲ ਸਾਡੇ ਦੁਵੱਲੇ ਸਬੰਧਾਂ ਦੀ ਮਜ਼ਬੂਤੀ ਦੀ ਤਸਦੀਕ ਹੋਈ ਅਤੇ COVID -19 ਮਹਾਂਮਾਰੀ ਤੋਂ ਦਰਪੇਸ਼ ਚੁਣੌਤੀਆਂ ਦੇ ਬਾਵਜੂਦ ਸੁਰੱਖਿਅਤ ਅਤੇ ਜ਼ਿੰਮੇਵਾਰ ਯਾਤਰਾ ਯਕੀਨੀ ਬਣਾਉਣ ਲਈ ਦੋਵਾਂ ਦੇਸ਼ਾਂ ਦੇ ਯਤਨ ਉਜਾਗਰ ਹੋਏ।

ਕੌਂਸਲਰ ਮੁੱਦਿਆਂ ਦੇ ਜਲਦੀ ਹੱਲ ਲਈ ਸਹਿਯੋਗ, ਵੀਜ਼ਾ ਦੀ ਸਹੂਲਤ, ਹਵਾਲਗੀ ਦੇ ਮਾਮਲਿਆਂ, ਪ੍ਰਵਾਸੀ ਨਾਗਰਿਕਾਂ ਲਈ ਕੌਂਸਲਰ ਸੇਵਾਵਾਂ ਦੀ ਵਿਵਸਥਾ, ਬੱਚਿਆਂ ਦੀ ਹਿਰਾਸਤ ਨਾਲ ਸਬੰਧਤ ਪਰਿਵਾਰਕ ਮੁੱਦਿਆਂ, ਵਿਆਹ ਅਤੇ ਗੋਦ ਲੈਣ ਅਤੇ ਦੋਵਾਂ ਦੇਸ਼ਾਂ ਵਿਚਕਾਰ ਯਾਤਰਾ ਦੀ ਸਹੂਲਤ ਸਮੇਤ ਆਪਸੀ ਹਿੱਤਾਂ ਦੇ ਖੇਤਰਾਂ ਬਾਰੇ  ਚਰਚਾ ਹੋਈ। .

ਨਵੀਂ ਦਿੱਲੀ
13 ਦਸੰਬਰ, 2021

DISCLAIMER: This is an approximate translation. The original is available in English on MEA's website and may be referred to as the official press release.